# ਸੰਤ ਜਨਾ ਕਾ ਛੋਹਰਾ

## ਬਿਲਾਵਲੁ ਮਹਲਾ ੫ ॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਅੰਕ ੮੧੧ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਪ੍ਰਭੂ ਦੇ ਭਗਤਾਂ ਦੀ ਸੰਗਤਿ ਅਤੇ ਉਨ੍ਹਾਂ ਵਲੋਂ ਮਿਲੀ ਹਰ ਤਰ੍ਹਾਂ ਨਿਕੀ ਤੋਂ ਨਿਕੀ ਵਸਤੂ ਦੇ ਰੂਪ ਵਿਚ ਪ੍ਰਾਪਤ ਹੋਈ ਬਖ਼ਸ਼ਿਸ਼ ਦੀ ਮਹੱਤਤਾ ਦਸੀ ਹੈ ਅਤੇ ਪ੍ਰਭੂ ਤੋਂ ਟੁਟੇ ਹੋਏ ਮਨੁਖ ਦੀ ਸੰਗਤਿ ਅਤੇ ਉਨ੍ਹਾਂ ਤੋਂ ਪ੍ਰਾਪਤ ਹੋਣ ਵਾਲੀ ਧਨ ਦੌਲਤ riches ਨੂੰ ਨੁਕਸਾਨ-ਦੇਹ ਦਸਿਆ ਹੈ।

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥**

**ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥**

**ਵਿਆਖਿਆ** : ਪ੍ਰਭੂ/ਗੁਰੂ ਦੇ ਦਾਸ, ਤਾਬਿਆ ਰਹਿਣ ਵਾਲੇ ਦੀ ਹਥੀਂ ਸੇਵਾ ਕਰੀਏ, ਜਿਵੇਂ ਉਸ ਲਈ ਪਾਣੀ ਢੋਣਾ, ਉਸ ਨੂੰ ਪੱਖਾ ਝਲਣਾ, ਉਸ ਦੇ ਘਰ ਲਈ ਚੱਕੀ ਵਿਚ ਦਾਣੇ ਪੀਸਣਾ ਆਦਿ। ਇਸ ਤਰ੍ਹਾਂ ਉਸ ਦੀ ਸੇਵਾ ਕਰਨ ਨਾਲ ਨਿਹਾਲ ਹੋ ਜਾਈਦਾ ਹੈ। ਨਿਹਾਲ ਹੋਣਾ, ਜੀਵਨ ਮਨੋਰਥ, ਪਰਮ ਅਨੰਦ ਦੀ ਪ੍ਰਾਪਤੀ ਕਰਨਾ। ਇਸ ਤਰ੍ਹਾਂ ਕਰਨ ਨਾਲ ਪ੍ਰਭੂ/ਗੁਰੂ ਦੀ ਖ਼ੁਸ਼ੀ ਪ੍ਰਾਪਤ ਹੋ ਜਾਦੀ ਹੈ ਤਾਂ ਜੀਵਨ ਸਫ਼ਲ ਹੋ ਜਾਂਦਾ ਹੈ।

ਅਜ ਦੇ ਸਮੇਂ ਹਥੀਂ ਸੇਵਾ ਦਾ ਸਰੂਪ ਬਦਲ ਗਿਆ ਹੈ। ਪਾਣੀ ਢੋਣਾ, ਪੱਖਾ ਝਲਣਾ ਅਤੇ ਚੱਕੀ ਪੀਸਣਾ ਬੇ-ਮਾਇਨੇ ਹੋ ਗਏ ਹਨ ਕਿਉਂਕਿ ਹੁਣ ਪਾਣੀ ਢੋਣ, ਪੱਖਾ ਝਲਣ, ਚੱਕੀ ਪੀਸਣ ਆਦਿ ਦੀਆਂ ਲੋੜਾਂ ਮੁਕ ਗਈਆਂ ਹਨ। ਪਰ ਇਸ ਦਾ ਅਰਥ ਇਹ ਨਹੀਂ ਕਿ ਸੇਵਾ ਦੀ ਲੋੜ ਨਹੀਂ ਰਹੀ। ਇਸ ਤੋਂ ਵੀ ਵਡੀ ਸਮੱਸਿਆ, ਪ੍ਰਭੂ/ਗੁਰੂ ਦਾ ਦਾਸ ਕੌਣ ਹੈ, ਇਹ ਪਛਾਣ ਬਹੁਤ ਹੀ ਔਖੀ ਹੋ ਗਈ ਹੈ। ਪਰ ਬਾਣੀ ਸੱਚ ਹੈ। ਇਨ੍ਹਾਂ ਸਮੱਸਿਆਵਾਂ ਦਾ ਉਤਰ ਲਭਿਆ ਜਾ ਸਕਦਾ ਹੈ। ਦਾਸ ਨਹੀਂ ਮੁੱਕੇ, ਸੇਵਾ ਨਹੀਂ ਮੁੱਕੀ। ਪਰ ਪ੍ਰਭੂ/ਗੁਰੂ ਦੇ ਦਾਸ ਕੌਣ ਹਨ -

ਗੁਰੂ ਨਾਨਕ ਦੀ ਜੋਤਿ, ਪੰਚਮ ਪਾਤਸ਼ਾਹ ਨੇ ਐਲਾਨ ਕਰ ਦਿਤਾ ਕਿ ਉਨ੍ਹਾਂ ਨੇ ਗੁਰਸਿਖੀ, ਇਕ ਸਚ ਦੇ ਧਰਮ ਦੀ ਕਮਾਈ ਕਰਨ ਲਈ ਧਰਮਸ਼ਾਲਾ ਸਥਾਪਿਤ ਕੀਤੀ ਹੈ ਅਤੇ ਇਸ ਵਿਚ ਚੋਣਵੇਂ ਗੁਰਸਿਖਾਂ ਨੂੰ ਟੋਲ ਟੋਲ ਕੇ ਦਾਖ਼ਲਾ ਦਿਤਾ ਹੈ - 'ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥... ', ਅੰਕ ੭੩. ਭਾਵ ਇਹ ਹੋਇਆ ਕਿ ਹਰ ਕੋਈ ਗੁਰਸਿਖੀ ਨਹੀਂ ਨਿਭਾਅ ਸਕਦਾ, ਕੋਈ ਵਿਰਲਾ ਹੀ ਨਿਭਾਅ ਸਕਦਾ ਹੈ ਜੋ ਗੁਰੂ ਦੀ ਕਸਵੱਟੀ ਤੇ ਸਹੀ ਉਤਰੇ। ਭਗਤ ਕਬੀਰ ਜੀ ਨੇ ਵੀ ਇਹ ਸਚ ਬਿਆਨ ਕੀਤਾ ਹੈ ਕਿ ਗੁਰੂ ਦੀ ਕਸਵੱਟੀ ਤੇ ਪੂਰੇ ਉਤਰੇ ਹੋਏ, ਜੋ ਉਸ ਰਾਹੀਂ ਮੋਹਰ-ਸ਼ੁਦਾ ਹੁੰਦੇ ਹਨ ਉਹੀ ਕਰੜੀ ਘਾਲਣਾ ਦੇ ਰਣ ਦੇ ਮੈਦਾਨ ਵਿਚ ਜੂਝ ਸਕਦੇ ਹਨ, ਜਦ ਕਿ ਕੱਚੇ ਤਾਂ ਮੈਦਾਨ ਛੱਡ ਜਾਂਦੇ ਹਨ - 'ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ॥', ਅੰਕ ੯੭੦. ਉਹ ਘੋੜੇ ਜੋ ਸਿਖਲਾਈ ਵਿਚ ਖਰੇ ਉਤਰਦੇ ਹਨ, ਗਰਮ ਲੋਹੇ ਨਾਲ ਦਾਗ਼ ਦਿਤੇ ਜਾਂਦੇ ਹਨ। ਅਜਿਹੇ ਘੋੜੇ ਹੀ ਜੰਗ ਦੇ ਮੈਦਾਨ ਨੂੰ ਝੱਲ ਸਕਦੇ ਹਨ, ਬਾਕੀ ਤਾਂ ਸ਼ਸਤਰਾਂ ਅਤੇ ਜੰਗ ਦੀ ਮਾਰਾ-ਮਾਰ ਤੋਂ ਭੈਭੀਤ ਹੋ ਕੇ ਭੱਜ ਜਾਂਦੇ ਹਨ। ਪੰਚਮ ਪਾਤਸ਼ਾਹ ਅਗੋਂ ਹੋਰ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਗੁਰਸਿਖਾਂ ਦੇ ਉਹ ਪੈਰ ਧੋਂਦੇ ਹਨ, ਪੱਖਾ ਫ਼ੇਰਦੇ ਹਨ, ਵਾਰ ਵਾਰ ਉਨ੍ਹਾਂ ਦੇ ਚਰਨਾਂ ਤੇ ਨਮਸਕਾਰ ਕਰਦੇ ਹਨ - '...ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥', ਅੰਕ ੭੩. ਅਜ ਵੀ, ਸੇਵਾ ਕਰਨ ਵਾਲੇ, ਪ੍ਰਭੂ ਦੇ ਦਾਸਾਂ ਦੀ ਸੇਵਾ ਨਿਭਾਅ ਰਹੇ ਹਨ।

**ਵਿਆਖਿਆ** : ਪ੍ਰਭੂ ਦੇ ਦਾਸ ਦੀ ਸੇਵਾ ਦੇ ਤੁਲ, ਕਿਤਨਾ ਵੀ ਰਾਜ ਮਿਲ ਜਾਏ, ਜ਼ਮੀਨ ਦੀ ਮਲਕੀਅਤ ਮਿਲ ਜਾਏ, ਚੌਧਰਪੁਣੇ ਮਿਲ ਜਾਣ, ਸਭ ਤੁਛ ਹਨ। ਹੇ ਮਨੁਖ ! ਇਨ੍ਹਾਂ ਵਡਿਆਈਆਂ ਨੂੰ ਅੱਗ ਵਿਚ ਸਾੜ ਦੇ।੧।

ਇਹ ਸਭ ਪ੍ਰਾਪਤੀਆਂ, ਦੁਨੀਆਂ ਵਿਚਲੀਆਂ ਵਡਿਆਈਆਂ ਹਨ। ਦੂਜੇ ਪਾਤਸ਼ਾਹ ਸ੍ਰੀ ਗੁਰੂ

ਅੰਗਦ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਇਹ ਚੰਦਰੀਆਂ ਵਡਿਆਈਆਂ ਮਨੁਖ ਨੂੰ ਪ੍ਰਭੂ ਦੇ ਨਾਮ ਤੋਂ ਤੋੜਦੀਆਂ ਹਨ ਅਤੇ ਧੁਰ ਤਕ ਨਾਲ ਨਹੀਂ ਨਿਭਦੀਆਂ, ਇਸ ਲਈ ਇਨ੍ਹਾਂ ਨੂੰ ਅੱਗ ਵਿਚ ਪਾ ਦੇਣਾ ਚਾਹੀਦਾ ਹੈ - 'ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥ ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥', ਅੰਕ ੧੨੯੦.

**ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥**
**ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ ॥੧॥ ਰਹਾਉ ॥**

**ਵਿਆਖਿਆ** : ਹੇ ਮਨੁਖ ! ਭਗਤ ਜਨਾਂ ਦੇ ਸੇਵਕਾਂ ਦੇ ਚਰਨਾਂ ਨਾਲ ਜੁੜ ਜਾ ਅਤੇ ਦੂਜੇ ਪਾਸੇ, ਮਾਇਆਧਾਰੀਆਂ, ਵਡੇ ਵਡੇ ਰਾਜਿਆਂ ਆਦਿ ਨੂੰ ਵੀ ਤਿਆਗ ਦੇ।੧।ਰਹਾਉ।

ਕਿਉਂਕਿ ਪ੍ਰਭੂ ਆਪਣੇ ਨਿਮਾਣੇ ਜਿਹੇ ਦਾਸਾਂ ਨੂੰ ਆਪਣੇ ਗਲ ਨਾਲ ਲਗਾਉਂਦਾ ਹੈ, ਜਿਵੇਂ, ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨਾਂ ਅਨੁਸਾਰ, ਸਮਾਜ ਵਿਚੋਂ ਛੇਕੇ ਹੋਏ (ਛੋਕ), ਨਖਿਧ ਜਾਣੇ ਜਾਂਦੇ, ਦਾਸੀ ਦੇ ਪੁਤਰ, ਆਪਣੇ ਨਿਮਾਣੇ ਜਿਹੇ ਗ਼ੁਲਾਮ, ਸੇਵਕ ਬਿਦਰ ਨੂੰ ਭਗਵਾਨ ਕ੍ਰਿਸ਼ਨ ਜੀ ਨੇ ਆਪਣੇ ਗਲ ਨਾਲ ਲਾਇਆ - 'ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ॥', ਅੰਕ ੧੩੦੯. 'ਛੋਹਰੇ' ਦਾ ਅਰਥ '**ਗ਼ੁਲਾਮ**' ਹੈ, ਜਿਵੇਂ ਪੰਜਵੇਂ ਪਾਤਸ਼ਾਹ ਦੇ ਬਚਨ ਹਨ, 'ਹੇ ਵਾਹਿਗੁਰੂ ! ਮੈਂ ਤੇਰਾ ਗ਼ੁਲਾਮ ਹਾਂ, ਤੁਛ ਜਿਹਾ ਦਾਸ ਹਾਂ। ਇਤਨਾ ਹੀ ਨਹੀਂ ਤੇਰੇ ਦਾਸਾਂ, ਭਾਵ, ਭਗਤਾਂ ਦਾ ਵੀ ਪਾਣੀ ਭਰਨਹਾਰ, ਭਾਵ ਸੇਵਕ ਹਾਂ' - 'ਛਛਾ ਛੋਹਰੇ ਦਾਸ ਤੁਮਾਰੇ॥ ਦਾਸ ਦਾਸਨ ਕੇ ਪਾਨੀਹਾਰੇ॥', ਅੰਕ ੨੫੪. ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ 'ਜੋ ਪ੍ਰਭੂ ਦੇ ਜਨ, ਦਾਸ 'ਹਰਿ ਹਰਿ', ਭਾਵ, **ਵਾਹਿਗੁਰੂ ਵਾਹਿਗੁਰੂ...** ਨਾਮ ਜਪਦੇ ਹਨ, ਹੇ ਰਾਮ ਪ੍ਰਭੂ ! ਸਾਨੂੰ ਉਨ੍ਹਾਂ ਦੇ ਦਾਸਾਂ ਦਾ ਦਾਸ ਬਣਾ ਦਿਓ ਕਿਉਂਕਿ ਪ੍ਰਭੂ ਦੇ ਦਾਸ ਦੀ ਸੇਵਾ ਹੀ ਉਤਮ ਕੰਮ ਹੈ' - 'ਜੋ ਜਨ ਧਿਆਵਹਿ ਹਰਿ ਹਰਿ ਨਾਮਾ॥ ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥ ਜਨ ਕੀ ਸੇਵਾ ਊਤਮ ਕਾਮਾ॥', ਅੰਕ ੧੬੪.

**ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥**
**ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥**

**ਵਿਆਖਿਆ** : ਸੰਤ ਜਨਾਂ ਦਾ ਦਾਸ ਬਣਨਾ ਇਤਨੀ ਵਡੀ ਵਡਿਆਈ ਵਾਲੀ ਗਲ ਹੈ ਕਿ ਜੇ ਉਸ ਦੇ ਬਦਲੇ ਸੰਤਾਂ ਦਾ ਬਖ਼ਸ਼ਿਆ ਹੋਇਆ ਰੁਖਾ ਮਿਸਾ ਵੀ ਛੱਕਣ ਨੂੰ ਮਿਲ ਜਾਏ ਤਾਂ ਉਹ ਸਾਰੇ ਖ਼ਜ਼ਾਨਿਆਂ ਦੇ ਸਮਾਨ ਹੈ। ਇਸ ਤੋਂ ਉਲਟ, ਵਾਹਗੁਰੂ ਤੋਂ ਟੁਟੇ ਹੋਏ ਬੰਦੇ ਦੀ ਸੰਗਤਿ ਤੋਂ ਛਤੀਹ ਪ੍ਰਕਾਰ ਦੇ ਭੋਜਨ ਵੀ ਮਿਲਦੇ ਹੋਣ ਤਾਂ ਵੀ ਉਹ ਜ਼ਹਿਰ ਸਮਾਨ ਹਨ।੨।

ਹੋਰ ਬਚਨ ਹਨ ਕਿ ਵਾਹਗੁਰੂ ਦੇ ਨਾਮ ਤੋਂ ਬਿਨਾਂ ਮੋਤੀ ਹੀਰੇ ਆਦਿ ਅਨੇਕ ਤਰ੍ਹਾਂ ਦੇ ਮਾਇਕ ਭੋਗ ਮੌਤ ਸਮਾਨ ਹਨ ਪਰ ਪ੍ਰਭੂ ਦੀ ਸਖੀ, ਭਾਵ, ਉਸ ਦੇ ਪਿਆਰੇ ਦਾਸ ਨਾਲ, ਭਗਤ ਨਾਲ ਰੁਖੀ ਰੋਟੀ ਖਾਣ ਅਤੇ ਭੁੰਜੇ ਸੌਣ ਵਿਚ ਜ਼ਿੰਦਗੀ ਦੇ ਸਾਰੇ ਸੁਖ ਮੌਜੂਦ ਹਨ - 'ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ॥ ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥', ਅੰਕ ੧੩੦੬. ਭਗਤ ਕਬੀਰ ਜੀ ਦੇ ਬਚਨ ਹਨ ਕਿ ਸਾਧੂ ਦੀ ਸੰਗਤਿ ਵਿਚ ਰਹਿੰਦਿਆਂ ਭਾਵੇਂ ਜਉ ਦੀ ਭੁਸ, ਛਿਲੜ ਖਾਣ ਨੂੰ ਮਿਲਣ ਪਰ ਜੋ ਵੀ ਹੁੰਦਾ ਹੋ ਜਾਏ, ਤਾਂ ਵੀ ਰੱਬ ਤੋਂ ਟੁਟੇ ਬੰਦਿਆਂ ਦੀ ਸੰਗਤਿ ਤਾਂ ਬਿਲਕੁਲ ਨਾ ਕਰੀਏ - 'ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ॥', ਅੰਕ ੧੩੬੪.

**ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥**
**ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥**

**ਵਿਆਖਿਆ** : ਇਸੇ ਤਰ੍ਹਾਂ ਭਗਤ ਜਨਾਂ ਦਾ ਦਿਤਾ, ਫ਼ਟਿਆ ਹੋਇਆ ਬਸਤ੍ਰ, rag, ਬਖ਼ਸ਼ਿਸ਼ ਰੂਪ ਸਿਰੋਪਾਓ ਹੁੰਦੇ ਹਨ, ਜਿਨ੍ਹਾਂ ਨੂੰ ਪਹਿਨ ਕੇ ਲੋਕ ਪਰਲੋਕ ਨੰਗੇ ਨਹੀਂ ਹੋਈਦਾ,

ਭਾਵ, ਲੋਕ ਪਰਲੋਕ ਪੱਤ ਢੱਕੀ ਜਾਂਦੀ ਹੈ। ਸਾਧੂ ਦੀ ਸੰਗਤਿ ਕਰਦਿਆਂ, ਭਾਵੇਂ ਚੱਕੀ ਪੀਸਣੀ ਪਏ, ਮਮੂਲੀ ਜਿਹੀ ਕੰਬਲੀ ਹੀ ਓੜਨ ਨੂੰ ਮਿਲੇ, ਮਨ ਵਿਚ ਸੰਤੋਖ ਆ ਜਾਣ ਕਰ ਕੇ ਮਨ ਸੁਖੀ, ਅਨੰਦਤ ਰਹਿੰਦਾ ਹੈ ਕਿਉਂਕਿ ਸਾਧੂ ਦੀ ਕਿਰਪਾ ਨਾਲ ਪ੍ਰਭੂ ਦਾ ਨਾਮ ਚਿਤ ਆਉਂਦਾ ਰਹਿੰਦਾ ਹੈ - 'ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥..ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥', ਅੰਕ ੭੪੫.

**ਵਿਆਖਿਆ** : ਦੂਜੇ ਪਾਸੇ ਪ੍ਰਭੂ ਤੋਂ ਟੁਟੇ ਹੋਏ ਮਨੁਖ ਦੇ ਦਿਤੇ ਕੀਮਤੀ ਤੋਂ ਕੀਮਤੀ, ਰੇਸ਼ਮੀ ਬਸਤ੍ਰਾਂ ਦੇ ਇਨਾਮ ਆਦਿ ਵੀ ਪਹਿਨਣ ਨਾਲ, ਮਨੁਖ, ਲੋਕ ਪਰਲੋਕ ਆਪਣੀ ਪੱਤ ਗੁਆ ਬੈਠਦਾ ਹੈ।੩।

**ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥**
**ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥**

**ਵਿਆਖਿਆ** : ਵਾਹਿਗੁਰੂ ਤੋਂ ਟੁਟੇ ਹੋਏ ਮਨੁਖ ਨਾਲ ਨੇੜਤਾ, ਦੋਸਤੀ, ਰਿਸ਼ਤੇਦਾਰੀ ਕਦੇ ਤੋੜ ਨਹੀਂ ਨਿਭਦੀ, ਕਦੇ ਵੀ ਟੁਟ ਜਾਂਦੀ ਹੈ ਪਰ ਹਰੀ ਪ੍ਰਭੂ ਦੇ ਜਨ, ਭਗਤ ਦੀ ਸੇਵਾ ਵੀ ਕਰਨ ਨਾਲ ਲੋਕ ਪਰਲੋਕ ਦੇ ਬੰਧਨ ਛੁਟ ਜਾਂਦੇ ਹਨ, ਭਾਵ, ਮਨੁਖ ਨੂੰ ਆਪਣੇ ਪਰਮ ਲਖ਼ਸ਼ ਦੀ ਪ੍ਰਾਪਤੀ ਹੋ ਜਾਂਦੀ ਹੈ।੪।

ਇਸੇ ਲਈ ਪਾਤਸ਼ਾਹ ਨੇ ਫ਼ੁਰਮਾਇਆ ਹੈ ਕਿ ਇਹੋ ਜਿਹੇ ਕਚੇ ਮਨੁਖਾਂ ਨਾਲ ਸਬੰਧ ਤੋੜ ਕੇ ਪ੍ਰਭੂ ਦੇ ਭਗਤਾਂ ਨੂੰ ਟੋਲ ਲਉ ਕਿਉਂਕਿ ਰੱਬ ਤੋਂ ਟੁਟਿਆ ਮਨੁਖ ਤਾਂ ਜੀਊਂਦੇ ਹੀ ਵਿਛੜਿਆਂ ਵਰਗਾ ਹੈ ਤੇ ਪ੍ਰਭੂ ਦੇ ਭਗਤ ਮਰਣ ਤੋਂ ਬਾਅਦ ਪਰਲੋਕ ਵਿਚ ਵੀ ਸਾਥ ਨਿਭਾਉਂਦੇ ਹਨ - 'ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥', ਅੰਕ ੧੧੦੨.

**ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥**
**ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥੫॥੧੪॥੪੪॥**

**ਵਿਆਖਿਆ** : ਹੇ ਪ੍ਰਭੂ ਜੀਓ ! ਹੁੰਦਾ ਤਾਂ ਸਭ ਕੁਝ ਤੇਰੀ ਕਿਰਪਾ ਨਾਲ ਹੀ ਹੈ, ਭਾਵ, ਸਾਧੂ, ਭਗਤ ਜਨ ਦੀ ਸੰਗਤਿ ਅਤੇ ਬਖ਼ਸ਼ਿਸ਼ ਵੀ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ, ਸਾਰੀ ਬਿਧਿ ਹਰੀ ਪ੍ਰਭੂ ਦੀ ਬਣਾਈ ਹੋਈ ਹੁੰਦੀ ਹੈ।

**ਵਿਆਖਿਆ** : ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਸੰਤ, ਸਾਧੂ, ਭਗਤ ਦੇ ਦਰਸ਼ਨ ਅਤੇ ਸੰਗਤਿ ਨਾਲ ਪ੍ਰਭੂ ਦਾ ਨਾਮ ਸਿਮਰਿਆ ਜਾ ਸਕਦਾ ਹੈ। ਜਿਸ ਦੇ ਫ਼ਲਸਰੂਪ ਭਵਸਾਗਰ ਤੋਂ ਤਰ ਜਾਈਦਾ ਹੈ।੫।੧੪।੪੪।

ਮਹਾਰਾਜ ਫ਼ੁਰਮਾਣ ਕਰਦੇ ਹਨ ਕਿ ਜਿਸ ਤੇ ਵਾਹਗੁਰੂ ਕਿਰਪਾ ਕਰਦਾ ਹੈ ਉਸ ਨੂੰ ਭਗਤ ਦੀ ਸੰਗਤਿ ਪ੍ਰਾਪਤ ਹੁੰਦੀ ਹੈ ਅਤੇ ਜਿਉਂ ਜਿਉਂ ਭਗਤ ਦੀ ਸੰਗਤਿ ਵਧਦੀ ਜਾਂਦੀ ਹੈ, ਪ੍ਰਭੂ ਦੇ ਸਿਮਰਨ ਦਾ ਰੰਗ ਚੜ੍ਹਦਾ ਜਾਂਦਾ ਹੈ - 'ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥ ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥', ਅੰਕ ੭੧. ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਪ੍ਰਭੂ ਦੀ ਕਿਰਪਾ ਨਾਲ ਭਗਤ ਬਣਦਾ ਹੈ, ਜਾਂ ਜਗਤ ਤੇ ਆਉਂਦਾ ਹੈ ਅਤੇ ਸਾਰੇ ਜਗਤ ਲਈ, ਭਵਸਾਗਰ ਤੋਂ ਪਾਰ ਉਤਰਨ ਲਈ ਭਗਤ ਜਨਾਂ ਦੇ ਮੁਖ ਦੇ ਦਰਸ਼ਨ, ਸੰਗਤਿ ਲਾਜ਼ਮੀ ਹਨ - 'ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥', ਅੰਕ ੫੫੦.

ਭਗਤ ਕਬੀਰ ਜੀ ਵੀ ਫ਼ੁਰਮਾਣ ਕਰਦੇ ਹਨ ਕਿ ਸੇਵਾ ਸਿਮਰਨ ਅਕਾਲ ਪੁਰਖ ਅਤੇ ਉਸ ਦੇ ਸੰਤ, ਭਗਤ ਦੋਹਾਂ ਦੀ ਹੀ ਭਲੀ ਹੈ ਕਿਉਂਕਿ ਪ੍ਰਭੂ ਮੁਕਤੀ ਦਾ ਦਾਤਾ ਹੈ ਅਤੇ ਭਗਤ ਦੀ ਸੰਗਤਿ, ਸੇਵਾ, ਕਿਰਪਾ ਨਾਲ ਨਾਮ ਜਪਿਆ ਜਾਂਦਾ ਹੈ - 'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥', ਅੰਕ ੧੩੭੩.